# ਟੀਕਾਕਰਣ

ਟੀਕਾਕਰਣ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਕਿਸੇ ਵੀ ਹੋਰ ਸਿਹਤ ਉਪਾਅ ਦੇ ਮੁਕਾਬਲੇ ਵੱਧ ਜ਼ਿੰਦਗੀਆਂ ਬਚਾਈਆਂ ਹਨ। ਟੀਕਾਕਰਣ, ਜਿਹਨਾਂ ਨੂੰ ਵੈਕਸੀਨ ਵੀ ਕਿਹਾ ਜਾਂਦਾ ਹੈ, ਹਰ ਉਮਰ ਦੇ ਲੋਕਾਂ ਲਈ ਮਹੱਤਵਪੂਰਨ ਹਨ। ਇਹ ਤੁਹਾਡੇ ਇਮਿਊਨ ਸਿਸਟਮ ਦੀ ਉਹਨਾਂ ਬੈਕਟੀਰੀਆ ਅਤੇ ਵਾਇਰਸਾਂ ਦੀ ਪਛਾਣ ਕਰਨ ਅਤੇ ਜਲਦੀ ਨਾਲ ਉਹਨਾਂ ਨੂੰ ਮਾਰਨ ਵਿੱਚ ਮਦਦ ਕਰਦੇ ਹਨ, ਜਿਹਨਾਂ ਨਾਲ ਗੰਭੀਰ ਬੀਮਾਰੀ ਜਾਂ ਮੌਤ ਹੋ ਸਕਦੀ ਹੈ। ਟੀਕਾਕਰਣ ਕਰਵਾ ਕੇ, ਤੁਸੀਂ ਨਾ ਸਿਰਫ਼ ਖੁਦ ਦੀ ਅਤੇ ਆਪਣੇ ਪਰਿਵਾਰ ਦੀ ਰੱਖਿਆ ਕਰਦੇ ਹੋ, ਬਲਕਿ ਦੂਜਿਆਂ ਦੀ ਵੀ ਰੱਖਿਆ ਕਰਦੇ ਹੋ। ਕਈ ਵੈਕਸੀਨ ਤੁਹਾਡੇ ਬੱਚੇ ਦੇ ਨਿਸ਼ਚਿਤ ਟੀਕਾਕਰਣਾਂ ਦੇ ਹਿੱਸੇ ਵਜੋਂ ਮੁਫ਼ਤ ਮੁਹੱਈਆ ਕੀਤੇ ਜਾਂਦੇ ਹਨ। ਨਿਯਮਿਤ ਟੀਕਾਕਰਣਾਂ, ਯਾਤਰਾ ਸਬੰਧੀ ਟੀਕਾਕਰਣਾਂ ਆਦਿ ਬਾਰੇ ਹੋਰ ਜਾਣਨ ਲਈ, ਹੇਠਾਂ ਦਿੱਤੇ ਲਿੰਕਾਂ ਤੇ ਕਲਿੱਕ ਕਰੋ।

## ਪੇਸ਼ ਕੀਤੇ ਗਏ ਵਿਸ਼ੇ

### ਨਿਯਮਿਤ ਟੀਕਾਕਰਣ

ਬਚਪਨ ਦੇ ਟੀਕਾਕਰਣ 2 ਸਾਲ ਦੀ ਉਮਰ ਵਿੱਚ ਸ਼ੁਰੂ ਹੋ ਜਾਂਦੇ ਹਨ ਅਤੇ 4 ਤੋਂ 6 ਸਾਲ ਦੀ ਉਮਰ ਤੱਕ ਜਾਰੀ ਰਹਿੰਦੇ ਹਨ। ਸਕੂਲ-ਅਧਾਰਤ ਟੀਕਾਕਰਣ ਪ੍ਰੋਗਰਾਮ ਦੇ ਹਿੱਸੇ ਵਜੋਂ ਗ੍ਰੇਡ 6 ਅਤੇ 9 ਵਿੱਚ ਪੜ੍ਹਨ ਵਾਲੇ ਬਚੇ ਵੀ ਟੀਕਾਕਰਣ ਪ੍ਰਾਪਤ ਕਰਦੇ ਹਨ। ਬਾਲਗਾਂ, ਬਜ਼ੁਰਗਾਂ ਅਤੇ ਉੱਚ ਜੋਖਮ ਤੇ ਹੋਣ ਵਾਲੇ ਲੋਕਾਂ ਲਈ ਵਾਧੂ ਟੀਕਾਕਰਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਹੇਠਾਂ ਸੂਚੀਬੱਧ ਵੈਕਸੀਨਾਂ ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀਆਂ ਨੂੰ ਮੁਫ਼ਤ ਮੁਹੱਈਆ ਕੀਤੀਆਂ ਜਾਂਦੀਆਂ ਹਨ (ਕਿਰਪਾ ਕਰਕੇ ਧਿਆਨ ਦਿਓ ਕਿ ਕੁਝ ਵੈਕਸੀਨਾਂ ਲਈ ਕੁਝ ਪਾਬੰਦੀਆਂ ਲਾਗੂ ਹੁੰਦੀਆਂ ਹਨ)। ਹਰ ਵੈਕਸੀਨ ਕਿਸ ਉਮਰ ਵਿੱਚ ਦਿੱਤਾ ਜਾਵੇ ਅਤੇ ਮੁਫ਼ਤ ਵੈਕਸੀਨ ਪ੍ਰਾਪਤ ਕਰਨ ਲਈ ਕੌਣ ਯੋਗ ਹੈ, ਸਮੇਤ ਹਰ ਵੈਕਸੀਨ ਬਾਰੇ ਹੋਰ ਜਾਣਕਾਰੀ ਲਈ, ਹੇਠਾਂ ਦਿੱਤੇ ਲਿੰਕਾਂ ਤੇ ਕਲਿੱਕ ਕਰੋ ਜਾਂ ਬੀ.ਸੀ. ਟੀਕਾਕਰਣ ਸੂਚੀਆਂ ਤੇ ਜਾਓ। ਤੁਸੀਂ ਆਪਣੇ ਬੱਚੇ ਦੇ ਟੀਕਾਕਰਣ ਨੂੰ ਰਿਕਾਰਡ ਕਰਨ ਲਈ ਬੱਚੇ ਦਾ ਹੈਲਥ ਪਾਸਪੋਰਟ ਵਰਤ ਸਕਦੇ ਹੋ।

- ਚਿਕਨਪੌਕਸ (ਵੈਰਿਸੇਲਾ) ਵੈਕਸੀਨ (HealthLinkBC File #44b)
- ਡਿਪਥੇਰੀਆ, ਟੈਟਨਸ, ਪ੍ਰਟੂਸਿਸ, ਹੈਪੇਟਾਈਟਿਸ ਬੀ, ਪੋਲੀਓ, ਅਤੇ ਹਾਇਮੋਫਿਲਸ ਇਨਫਲੂਐਂਜ਼ਈ ਟਾਈਪ ਬੀ (DTaP-HB-IPV-Hib) ਵੈਕਸੀਨ (HealthLinkBC File #105)
- ਡਿਪਥੇਰੀਆ, ਟੈਟਨਸ, ਪ੍ਰਟੂਸਿਸ, ਪੋਲੀਓ, ਹਾਇਮੋਫਿਲਸ ਇਨਫਲੂਐਂਜ਼ਈ ਟਾਈਪ ਬੀ (DTaP-IPV-Hib) ਵੈਕਸੀਨ (HealthLinkBC File #15b)
- ਹੈਪੇਟਾਈਟਿਸ ਏ ਵੈਕਸੀਨ (HealthLinkBC File #33)
- ਹੈਪੇਟਾਈਟਿਸ ਬੀ ਵੈਕਸੀਨ (HealthLinkBC File #25a)
- ਮਨੁੱਖੀ ਪੈਪਿਲੋਮਾਵਾਇਰਸ (HPV) ਵੈਕਸੀਨ (HealthLinkBC File #101b)
- ਨਿਸ਼ਕਿਰਿਆ ਕੀਤਾ ਇਨਫਲੂਐਂਜ਼ਾ (ਫਲੂ) ਵੈਕਸੀਨ (HealthLinkBC File #12d)
- ਖਸਰਾ, ਕੰਨ-ਪੇੜੇ, ਰੁਬੈਲਾ (MMR) ਵੈਕਸੀਨ (HealthLinkBC File #14a)
- ਖਸਰਾ, ਕੰਨ-ਪੇੜੇ, ਰੁਬੈਲਾ ਅਤੇ ਵਰੀਸੇਲਾ (MMRV) ਵੈਕਸੀਨ (HealthLinkBC File #14e)
- ਮੈਨਿਨਜੋਕੋਕਲ ਸੀ ਕੋਨਜੁਗੇਟ (ਮੈਨ-C) ਵੈਕਸੀਨ (HealthLinkBC File #23a)

- ਮੈਨਿਨਜੋਕੋਕਲ ਕੁਆਰਡ੍ਰੀਵਲੈਂਟ ਵੈਕਸੀਨ (HealthLinkBC File #23b)
- ਨਿਊਮੋਕੋਕਲ ਕੋਨਜੁਗੇਟ (PCV 13) ਵੈਕਸੀਨ (HealthLinkBC File #62a)
- ਨਿਊਮੋਕੋਕਲ ਪੋਲੀਸੈਚਾਰਾਇਡ ਵੈਕਸੀਨ (HealthLinkBC File #62b)
- ਰੋਟਾਵਾਇਰਸ ਵੈਕਸੀਨ (HealthLinkBC File #104)
- ਟੈਟਨਸ ਅਤੇ ਡਿਫਥੇਰੀਆ (Td) ਵੈਕਸੀਨ (HealthLinkBC File #18a)
- ਟੈਟਨਸ, ਡਿਫਥੇਰੀਆ, ਪ੍ਰਟਸਿਸ (Tdap) ਵੈਕਸੀਨ (HealthLinkBC File #18c)

## ਤੁਹਾਡੇ ਬੱਚੇ ਦਾ ਟੀਕਾਕਰਣ

ਆਪਣੇ ਬੱਚੇ ਨੂੰ ਸੁਰੱਖਿਅਤ ਰੱਖਣ ਲਈ, ਇਹ ਜ਼ਰੂਰੀ ਹੈ ਕਿ ਉਹਨਾਂ ਨੂੰ ਉਹਨਾਂ ਦੇ ਸਾਰੇ ਵੈਕਸੀਨ ਸਮੇਂ ਸਿਰ ਲੱਗਣ। ਸਮੇਂ ਸਿਰ ਵੈਕਸੀਨ ਲਗਵਾ ਕੇ, ਤੁਹਾਡੇ ਬੱਚੇ ਨੂੰ ਉਹਨਾਂ ਦੀਆਂ ਜ਼ਿੰਦਗੀਭਰ ਤੱਕ ਦੀਆਂ ਕਈ ਬੀਮਾਰੀਆਂ ਤੋਂ ਸੁਰੱਖਿਅਤ ਕੀਤਾ ਜਾ ਸਕਦਾ ਹੈ। ਤੁਹਾਡੇ ਬੱਚੇ ਨੂੰ ਬਿਹਤਰ ਟੀਕਾਕਰਣ ਅਨੁਭਵ ਕਿਵੇਂ ਦਿੱਤਾ ਜਾਵੇ, ਤੁਹਾਡੇ ਬੱਚੇ ਨੂੰ ਵੈਕਸੀਨੇਸ਼ਨ ਦੇਣ ਦੇ ਫ਼ਾਇਦੇ ਅਤੇ ਹੋਰ ਬਾਰੇ ਜਾਣਨ ਲਈ ਹੇਠਾਂ ਦਿੱਤੇ ਲਿੰਕਾਂ ਤੇ ਕਲਿੱਕ ਕਰੋ।

- ਤੁਹਾਡੇ ਬੱਚੇ ਲਈ ਬਿਹਤਰ ਟੀਕਾਕਰਣ ਅਨੁਭਵ (HealthLinkBC File #50e)
- ਬਚਪਨ ਦੇ ਵੈਕਸੀਨ ਸੁਰੱਖਿਅਤ ਹਨ (HealthLinkBC File #50c)
- ਟੀਕਾਕਰਣ ਲਈ ਸੁੰਨ ਕਰਨ ਵਾਲੀਆਂ ਕ੍ਰੀਮਾਂ ਅਤੇ ਪੈਚ (HealthLinkBC File #50h)
- ਤੁਹਾਡੇ ਬੱਚੇ ਦਾ ਇਮਿਊਨ ਸਿਸਟਮ ਅਤੇ ਵੈਕਸੀਨ (HealthLinkBC File #50a)
- ਤੁਹਾਡੇ ਬੱਚੇ ਦਾ ਟੀਕਾਕਰਣ ਕਰਵਾਉਣ ਦੇ ਫ਼ਾਇਦੇ (HealthLinkBC File #50b)

## ਟੀਕਾਕਰਣ ਦੀ ਸਥਿਤੀ ਦੀ ਰਿਪੋਰਟਿੰਗ

ਬੀ.ਸੀ. ਸਰਕਾਰ ਨੇ 1 ਜੁਲਾਈ, 2019 ਤੋਂ ਪ੍ਰਭਾਵੀ, ਟੀਕਾਕਰਣ ਦੀ ਸਥਿਤੀ ਦੀ ਰਿਪੋਰਟਿੰਗ ਸੰਬੰਧੀ ਕਾਨੂੰਨ ਨੂੰ ਮਨਜ਼ੂਰੀ ਦਿੱਤੀ ਜਿਸ ਦੀ ਲੋੜ ਹੈ ਕਿ ਮਾਤਾ-ਪਿਤਾ ਜਾਂ ਸਰਪ੍ਰਸਤ ਸਕੂਲੀ-ਉਮਰ ਦੇ ਬੱਚਿਆਂ ਦੀ ਟੀਕਾਕਰਣ ਸਥਿਤੀ ਦੀ ਰਿਪੋਰਟ ਕਰਨ। ਪਬਲਿਕ ਹੈਲਥ ਯੂਨਿਟ ਸਿਤੰਬਰ ਵਿੱਚ ਇਸ ਕਾਨੂੰਨ ਨੂੰ ਲਾਗੂ ਕਰਨਾ ਸ਼ੁਰੂ ਕਰਨਗੇ।

ਬੀ.ਸੀ. ਵਿੱਚ ਵੈਕਸੀਨ ਦੁਆਰਾ ਰੋਕੀ ਜਾ ਸਕਣ ਵਾਲੀ ਬਿਮਾਰੀ ਦੀਆਂ ਹਾਲੀਆ ਆਉਟਬ੍ਰੇਕਾਂ ਨੇ ਟੀਕਾਕਰਣ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਇਹ ਕਾਨੂੰਨ ਬੀ.ਸੀ. ਵਿੱਚ ਟੀਕਾਕਰਣ ਦੇ ਦਰਾਂ ਨੂੰ ਵਧਾਉਣ ਦੀ ਸਰਕਾਰ ਦੀ ਯੋਜਨਾ ਦਾ ਹਿੱਸਾ ਹੈ।

- ਟੀਕਾਕਰਣ ਦੀ ਸਥਿਤੀ ਦੀ ਰਿਪੋਰਟਿੰਗ ਸੰਬੰਧੀ ਕਾਨੂੰਨ

## ਇਨਫਲੂਐਂਜ਼ਾ (ਫਲੂ) ਟੀਕਾਕਰਣ

ਇਨਫਲੂਐਂਜ਼ਾ ਵੈਕਸੀਨ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਤੰਦਰੁਸਤ ਰੱਖਣ ਅਤੇ ਬੀਮਾਰੀ ਨੂੰ ਰੋਕਣ ਵਿੱਚ ਮਦਦ ਦਾ ਸੁਰੱਖਿਅਤ ਅਤੇ ਪ੍ਰਭਾਵੀ ਤਰੀਕਾ ਹੈ। ਇਹ ਜ਼ਿੰਦਗੀਆਂ ਵੀ ਬਚਾ ਸਕਦਾ ਹੈ। ਭਰਮਾਂ ਅਤੇ ਤੱਥਾਂ ਸਮੇਤ ਫਲੂ ਵੈਕਸੀਨਾਂ ਬਾਰੇ ਹੋਰ ਜਾਣਨ ਲਈ, ਹੇਠਾਂ ਦਿੱਤੇ ਲਿੰਕਾਂ ਤੇ ਕਲਿੱਕ ਕਰੋ।

- ਇਨਫਲੂਐਂਜ਼ਾ (ਫਲੂ) ਬਾਰੇ ਤੱਥ (HealthLinkBC File #12b)
- ਨਿਸ਼ਕਿਰਿਆ ਕੀਤਾ ਇਨਫਲੂਐਂਜ਼ਾ (ਫਲੂ) ਵੈਕਸੀਨ (HealthLinkBC File #12d)

- ਇਨਫਲੂਐਂਜ਼ਾ (ਫਲੂ) ਟੀਕਾਕਰਣ: ਭਰਮ ਅਤੇ ਤੱਥ (HealthLinkBC File #12c)
- ਬਜ਼ੁਰਗਾਂ ਨੂੰ ਨਿਸ਼ਕਿਰਿਆ ਕੀਤਾ ਇਨਫਲੂਐਂਜ਼ਾ (ਫਲੂ) ਵੈਕਸੀਨ ਕਿਉਂ ਲਗਵਾਉਣਾ ਚਾਹੀਦਾ ਹੈ (HealthLinkBC File #12a)

ਫਲੂ ਸੀਜਨ ਬਾਰੇ ਹੋਰ ਜਾਣਕਾਰੀ ਲਈ, ਇਨਫਲੂਐਂਜ਼ਾ (ਫਲੂ) ਸੀਜਨ ਤੇ ਜਾਓ।

## ਬੀਸੀ ਵਿੱਚ ਬਾਲਗਾਂ ਲਈ ਸਿਫਾਰਸ਼ ਕੀਤੀਆਂ ਗਈਆਂ ਵੈਕਸੀਨਾਂ

ਬੀਸੀ ਵਿੱਚ ਬਾਲਗਾਂ ਲਈ ਸਿਫਾਰਸ਼ ਕੀਤੀਆਂ ਗਈਆਂ ਵੈਕਸੀਨਾਂ ਦੀ ਸੂਚੀ ਦੇ ਲਈ ਹੇਠਾਂ ਦਿੱਤੇ ਲਿੰਕ ਤੇ ਕਲਿੱਕ ਕਰੋ। ਕਿਰਪਾ ਕਰਕੇ ਨੋਟ ਕਰੋ ਕਿ ਕਈ ਵੈਕਸੀਨਾਂ ਦੇ ਲਈ ਕੁਝ ਪਾਬੰਦੀਆਂ ਲਾਗੂ ਹੁੰਦੀਆਂ ਹਨ।

- ਇਮਿਊਨਾਈਜ਼ ਬੀਸੀ: ਬਾਲਗਾਂ ਨੂੰ ਕਿਹੜੀਆਂ ਵੈਕਸੀਨਾਂ ਦੀ ਲੋੜ ਹੁੰਦੀ ਹੈ?

## ਯਾਤਰਾ ਸਬੰਧੀ ਟੀਕਾਕਰਣ

ਜੇਕਰ ਤੁਸੀਂ ਵਿਦੇਸ਼ ਯਾਤਰਾ ਕਰਦੇ ਹੋ, ਤਾਂ ਤੁਹਾਨੂੰ ਉਹਨਾਂ ਬੀਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜੋ ਕੈਨੇਡਾ ਵਿੱਚ ਆਮ ਨਹੀਂ ਹਨ। ਤੁਸੀਂ ਦੁਨੀਆ ਦੇ ਕਿਸ ਖੇਤਰ ਵਿੱਚ ਯਾਤਰਾ ਕਰ ਰਹੇ ਹੋ, ਉਸਦੇ ਆਧਾਰ ਤੇ ਤੁਹਾਨੂੰ ਹੇਠਾਂ ਸੂਚੀਬੱਧ ਵੈਕਸੀਨਾਂ ਵਿੱਚੋਂ ਇੱਕ ਦੀ ਲੋੜ ਪੈ ਸਕਦੀ ਹੈ। ਯਾਤਰਾ ਸਬੰਧੀ ਵੈਕਸੀਨਾਂ ਬਾਰੇ ਹੋਰ ਜਾਣਕਾਰੀ ਲਈ, ਹੇਠਾਂ ਦਿੱਤੇ ਲਿੰਕਾਂ ਤੇ ਕਲਿੱਕ ਕਰੋ ਜਾਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ।

- ਯਾਤਰੀਆਂ ਲਈ ਸਿਹਤ ਸਬੰਧੀ ਸਲਾਹ (HealthLinkBC File #41a)
- ਜਾਪਾਨੀ ਐਨਸੈਫਲਾਇਟਿਸ (HealthLinkBC File #41h)
- ਮਲੇਰੀਆ ਰੋਕਥਾਮ (HealthLinkBC File #41f)
- ਗਰਭਵਤੀ ਯਾਤਾਰੀ (HealthLinkBC File #41g)
- ਬਾਲਗਾਂ ਲਈ ਯਾਤਰਾ ਟੀਕਾਕਰਣ (HealthLinkBC File #41c)
- ਯਾਤਰੀ ਦਾ ਡਾਇਰੀਆ (ਦਸਤ) (HealthLinkBC File #41e)
- ਯਾਤਰੀ ਦਾ ਡਾਇਰੀਆ (ਦਸਤ) ਅਤੇ ਹੈਜ਼ਾ ਵੈਕਸੀਨ (HealthLinkBC File #41k)
- ਬੱਚਿਆਂ ਨਾਲ ਯਾਤਰਾ ਕਰਨਾ (HealthLinkBC File #41d)
- ਟਾਇਫਾਇਡ ਵੈਕਸੀਨ (HealthLinkBC File #41j)
- ਯੈਲੋ ਫੀਵਰ ਵੈਕਸੀਨ (HealthLinkBC File #41i)

ਯਾਤਰਾ ਸਬੰਧੀ ਉਹਨਾਂ ਵੈਕਸੀਨਾਂ ਦੀ ਸੂਚੀ ਲਈ, ਜਿਹਨਾਂ ਬਾਰੇ ਤੁਹਾਨੂੰ ਕਿਸੇ ਖਾਸ ਦੇਸ਼ ਵਿੱਚ ਯਾਤਰਾ ਕਰਨ ਵੇਲੇ ਵਿਚਾਰ ਕਰਨਾ ਚਾਹੀਦਾ ਹੈ, ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਤੇ ਜਾਓ। ਤੁਸੀਂ ਡਰੌਪ-ਡਾਉਨ ਮੀਨੂੰ ਜਾਂ ਫਿਲਟਰ ਮੰਜ਼ਿਲਾਂ ਵਿੱਚ ਦੇਸ਼ ਦੇ ਨਾਮ ਲਈ ਖੋਜ ਕਰ ਸਕਦੇ ਹੋ ਅਤੇ ਫਿਰ ਸਿਫਾਰਿਸ਼ਾਂ ਤੱਕ ਪਹੁੰਚ ਲਈ ਸਿਹਤ ਟੈਬ ਤੇ ਕਲਿੱਕ ਕਰ ਸਕਦੇ ਹੋ।

## ਉਪਯੋਗੀ ਵੈਬਸਾਈਟਾਂ

ImmunizeBC

ImmunizeBC ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੀ ਸਿਹਤ ਵਿੱਚ ਸੁਧਾਰ ਕਰਨ ਅਤੇ ਵੈਕਸੀਨ-ਨਿਵਾਰਕ ਬੀਮਾਰੀਆਂ ਦੁਆਰਾ ਸੰਕ੍ਰਮਣਾਂ ਦੀ ਸੰਖਿਆ ਨੂੰ ਘਟਾਉਣ ਦਾ ਕੰਮ ਕਰਦਾ ਹੈ। ImmunizeBC ਵਿਅਕਤੀਆਂ, ਪਰਿਵਾਰਾਂ ਅਤੇ ਸਿਹਤ ਦੇਖਭਾਲ ਪ੍ਰਦਾਤਾਵਾਂ ਨੂੰ ਟੀਕਾਕਰਣ ਬਾਰੇ

ਜਾਣਕਾਰੀ ਮੁਹੱਈਆ ਕਰਦਾ ਹੈ। ਉਹ ਬੀ.ਸੀ. ਪਰਿਵਾਰਾਂ ਲਈ ਟੀਕਾਕਰਣ ਕਰਵਾਉਣ ਨੂੰ ਵੱਧ ਅਸਾਨ ਬਣਾਉਣ ਲਈ ਟੂਲਸ ਵੀ ਮੁਹੱਈਆ ਕਰਦੇ ਹਨ। ਹੋਰ ਜਾਣਕਾਰੀ ਲਈ, ਹੇਠਾਂ ਦਿੱਤੇ ਲਿੰਕਾਂ ਤੇ ਕਲਿੱਕ ਕਰੋ।

- ਟੈਕਸਟ ਸੁਨੇਹੇ ਦੁਆਰਾ ਟੀਕਾਕਰਣ ਰਿਮਾਈਂਡਰ ਪ੍ਰਾਪਤ ਕਰੋ!
- ਇਨਫਲੂਐਂਜ਼ਾ ਕਲੀਨਿਕ ਫਾਈਂਡਰ
- ਪਬਲਿਕ ਹੈਲਥ ਯੂਨਿਟ ਫਾਈਂਡਰ

### ਇਮਿਊਨਾਈਜ਼ ਕੈਨੇਡਾ (Immunize Canada)

ਇਮਿਊਨਾਈਜ਼ ਕੈਨੇਡਾ ਦਾ ਉਦੇਸ਼ ਕੈਨੇਡਾ ਵਿੱਚ ਟੀਕਾਕਰਣ ਦੇ ਫ਼ਾਇਦਿਆਂ ਅਤੇ ਜੋਖਮਾਂ ਬਾਰੇ ਸੁਚੇਤਤਾ ਨੂੰ ਵਧਾ ਕੇ ਵੈਕਸੀਨ-ਨਿਵਾਰਕ ਬੀਮਾਰੀਆਂ ਤੇ ਨਿਯੰਤਰਣ ਪਾਉਣਾ, ਉਹਨਾਂ ਨੂੰ ਖ਼ਤਮ ਕਰਨਾ ਅਤੇ ਜੜ੍ਹੋਂ ਖ਼ਤਮ ਕਰਨਾ ਹੈ। ਉਹਨਾਂ ਦਾ ਐਪ ਤੁਹਾਡੀ ਵੈਕਸੀਨ ਜਾਣਕਾਰੀ ਨੂੰ ਸਟੋਰ ਕਰਨ, ਟੀਕਾਕਰਣ ਮੁਲਾਕਾਤਾਂ ਨੂੰ ਪ੍ਰਬੰਧਿਤ ਕਰਨ ਅਤੇ ਇਸਦੇ ਸ਼ੁਰੂ ਹੋਣ ਬਾਰੇ ਸੰਕਟ ਸੂਚਨਾਵਾਂ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

- ਇਮਿਊਨਾਈਜ਼ ਕੈਨੇਡਾ
- ImmunizeCA ਐਪ

### ਪਬਲਿਕ ਹੈਲਥ ਏਜੰਸੀ ਆੱਫ ਕੈਨੇਡਾ (Public Health Agency of Canada) (PHAC)

ਪਬਲਿਕ ਹੈਲਥ ਏਜੰਸੀ ਆੱਫ ਕੈਨੇਡਾ (PHAC) ਸਿਹਤ ਦਾ ਪ੍ਰਚਾਰ ਕਰਦਾ ਹੈ, ਪੁਰਾਣੀਆਂ ਅਤੇ ਸੰਕ੍ਰਮਣ ਵਾਲੀਆਂ ਬੀਮਾਰੀਆਂ ਦੀ ਰੋਕਥਾਮ ਅਤੇ ਉਨ੍ਹਾਂ ਨੂੰ ਨਿਯੰਤਰਿਤ ਕਰਦਾ ਹੈ ਅਤੇ ਜਨਤਕ ਸਿਹਤ ਐਮਰਜੈਂਸੀਆਂ ਲਈ ਪ੍ਰਤੀਕਿਰਿਆ ਕਰਦਾ ਹੈ। ਆਪਣੇ ਬੱਚਿਆਂ ਦਾ ਟੀਕਾਕਰਣ ਕਰਵਾਉਣ ਬਾਰੇ ਆਮ ਸਵਾਲਾਂ ਦੇ ਜਵਾਬਾਂ ਲਈ, ਹੇਠਾਂ ਦਿੱਤੇ ਲਿੰਕ ਤੇ ਕਲਿੱਕ ਕਰੋ।

- ਵੈਕਸੀਨੇਸ਼ਨ ਲਈ ਮਾਪਾ ਗਾਈਡ

**ਆਖਰੀ ਵਾਰ ਸਮੀਖਿਆ ਕੀਤੀ ਗਈ :** ਜੁਲਾਈ 2019